# ਭਾਈ ਮੰਨਾ ਸਿੰਘ!

ਸੁਰਿੰਦਰ ਸਿੰਘ ਨਿਮਾਣਾ

*ਹੋਈਆਂ ਸ਼ਖ਼ਸੀਅਤਾਂ ਭਾਵੇਂ, ਹੋਰ ਵੀ ਬਥੇਰੀਆਂ,*
*ਰੀਸਾਂ ਕੌਣ ਕਰੂ ਭਾਈ ਮੰਨਾ ਸਿੰਘ ਤੇਰੀਆਂ?*

– *ਉੱਚਿਆਂ ਉਦੇਸ਼ਾਂ ਨੂੰ ਤੂੰ, ਸੌਂਪ ਦਿੱਤੀ ਜ਼ਿੰਦਗੀ,*
*ਰੱਜ ਕੇ ਕਮਾਈ ਇਹਦੇ ਵਿਚ ਸੱਚੀ ਬੰਦਗੀ।*
*ਲੋਕ-ਵਿਖਾਵੇ ਲਈ ਮਾਲਾਂ ਨਹੀਂ ਫੇਰੀਆਂ।*

– *ਲੋਕ ਸੇਵਾ ਵਾਸਤੇ ਜਾਂ ਮਨ ਤੇਰਾ ਜਾਗਿਆ।*
*ਉੱਚੀ ਨੌਕਰੀ ਨੂੰ ਤੂੰ ਸੀ, ਆਪ ਹੀ ਤਿਆਗਿਆ,*
*ਦੂਰ ਦੂਰ ਪਿੰਡਾਂ ਵਿਚ ਪਾਉਂਦਾ ਰਿਹਾ ਫੇਰੀਆਂ।*

– *ਭਲਾ ਤੂੰ ਅਵਾਮ ਦਾ ਸੀ, ਸਦਾ ਸਾਹਵੇਂ ਰੱਖਿਆ,*
*ਹੱਕ ਲੈਣੇ ਕਿਵੇਂ(?) ਇਹ ਸੀ, ਠੀਕ ਠੀਕ ਦੱਸਿਆ।*
*ਹੁੰਦੀਆਂ ਨੇ ਤਾਹੀਓਂ ਗੱਲਾਂ, ਸੱਥਾਂ ਵਿਚ ਤੇਰੀਆਂ।*
*ਰੀਸਾਂ ਕੌਣ ਕਰੂ......... .....*

– *ਡੂੰਘੀ ਸੋਚ ਤੇਰੀ ਸੀ, ਗ਼ਰੀਬਾਂ ਲਈ ਸੋਚਦੀ,*
*ਦੱਬਿਆਂ ਲਤਾੜਿਆਂ ਦਾ, ਭਲਾ ਸੀ ਜੋ ਲੋਚਦੀ।*
*ਸਦਾ ਹੀ ਬੰਨ੍ਹਾਉਂਦਾ ਰਿਹਾ, ਉਨ੍ਹਾਂ ਨੂੰ ਦਲੇਰੀਆਂ।*
*ਰੀਸਾਂ ਕੌਣ ਕਰੂ.... ..... ..........*

– *ਨਿਰਮਲ ਪਾਣੀ ਜਿਹਾ, ਜ਼ਿੰਦਗੀ ਦਾ ਵਹਿਣ ਸੀ,*
*ਸਾਦ-ਮੁਰਾਦਾ ਤੇਰਾ ਰਿਹਾ ਰਹਿਣ-ਸਹਿਣ ਸੀ।*
*ਛੱਡੀਆਂ ਸ਼ੁਕੀਨੀਆਂ ਓਹ ਪਰ੍ਹੇ ਕਰ ਰੇੜ੍ਹੀਆਂ।*
*ਰੀਸਾਂ ਕੌਣ ਕਰੂ.... ...... ......*

– ਰਤਾ ਵੀ ਥਿੜਕਿਆ ਨਾ ਮਾਸਾ ਵੀ ਤੂੰ ਡੋਲਿਆ!
ਹਾਕਮਾਂ ਦੀ ਹਾਜ਼ਰੀ 'ਚ, ਸੱਚੋ ਸੱਚ ਬੋਲਿਆ।
ਸੱਚ ਦੀਆਂ ਸਾਰੀਆਂ ਤੂੰ, ਤੈਹਾਂ ਸੀ ਉਘੇੜੀਆਂ।
ਰੀਸਾਂ ਕੌਣ ਕਰੂ...... .......

– ਕਿਸੇ ਰਚੀ ਕਵਿਤਾ ਤੇ ਕਿਸੇ ਗੀਤ ਗਾਇਆ ਏ,
ਲੇਖਕਾਂ ਨੇ ਲੇਖ ਲਿਖੇ, ਹੱਦਾਂ ਨੂੰ ਮੁਕਾਇਆ ਏ।
ਨਾਟ-ਪੇਸ਼ਕਾਰੀਆਂ 'ਚੋਂ ਗੂੰਜਾਂ ਪੈਣ ਤੇਰੀਆਂ।
ਰੀਸਾਂ ਕੌਣ ਕਰੂ ਭਾਈ ਮੰਨਾ ਸਿੰਘ ਤੇਰੀਆਂ?

88727-35111